# ਜਮਾਤ – ਦਸਵੀਂ ਕਹਾਣੀ – ਇੱਕ ਪੈਰ ਘੱਟ ਤੁਰਨਾ

# ਵੰਨਗੀ ਲੇਖਕ – ਅਜੀਤ ਕੌਰ



**ਪ੍ਰਸ਼ਨ 1. ਡਾਕਟਰ ਰਸ਼ੀਦ ਨੂੰ ਉਸ ਦੇ ਅਮਰੀਕਾ ਗਏ ਪੁੱਤਰ ਨੂੰ ਬੁਲਾਉਣ ਲਈ ਕਿਉਂ ਕਹਿੰਦਾ ਹੈ?**

ਉੱਤਰ: ਡਾਕਟਰ ਰਸ਼ੀਦ ਨੂੰ ਉਸ ਦੇ ਅਮਰੀਕਾ ਗਏ ਪੁੱਤਰ ਨੂੰ ਇਸ ਲਈ ਬੁਲਾਉਣ ਲਈ ਕਹਿੰਦਾ ਹੈ ਕਿ ਕੈਂਸਰ ਦੇ ਮਰੀਜ਼ ਨੂੰ ਕਿਸੇ ਵੀ ਸਮੇਂ ਹਸਪਤਾਲ ਵਿੱਚ ਦਾਖਲ ਕਰਾਉਣਾ ਪੈ ਸਕਦਾ ਹੈ ਤੇ ਅਪਰੇਸ਼ਨ ਸਮੇਂ ਕਿਸੇ ਆਪਣੇ ਦਾ ਕੋਲ ਹੋਣਾ ਵੀ ਬਹੁਤ ਜ਼ਰੂਰੀ ਹੈ।

**ਪ੍ਰਸ਼ਨ 2. ਰਸ਼ੀਦ ਨੇ ਦਫ਼ਤਰ ਦੀ ਨੌਕਰੀ ਤੋਂ ਅਸਤੀਫ਼ਾ ਦੇਣ ਲਈ ਕਿਉਂ ਸੋਚਿਆ?**

ਉੱਤਰ: ਡਾਕਟਰਾਂ ਨੇ ਰਸ਼ੀਦ ਦੇ ਮਿਹਦੇ ਵਿੱਚ ਕੈਂਸਰ ਹੋਣ ਕਾਰਨ ਉਸ ਦੀ ਬਾਕੀ ਉਮਰ ਛੇ ਕੁ ਮਹੀਨੇ ਦੱਸੀ।ਹੁਣ ਉਹ ਆਪਣੀ ਜ਼ਿੰਦਗੀ ਦਾ ਬਾਕੀ ਰਹਿੰਦਾ ਸਮਾਂ ਸ਼ਹਿਰ ਦੇ ਰੌਲ਼ੇ ਅਤੇ ਤੰਗ ਥਾਂ ਵਿੱਚ ਗੁਜ਼ਾਰਨ ਦੀ ਥਾਂ ਉਹ ਆਪਣੇ ਪਿੰਡ ਦੀ ਪੱਕੀ ਹਵੇਲੀ ਅਤੇ ਖੁੱਲ੍ਹੇ-ਡੁੱਲ੍ਹੇ ਵਾਤਾਵਰਣ ਵਿੱਚ ਆਪਣੇ ਹਿਸਾਬ ਨਾਲ ਗੁਜ਼ਾਰਨੀ ਚਾਹੁੰਦਾ ਸੀ।



**ਪ੍ਰਸ਼ਨ 3. ਰਸ਼ੀਦ ਆਪਣੇ ਪਿੰਡ ਜਾ ਕੇ ਕਿਵੇਂ ਰਹਿਣਾ ਸ਼ੁਰੂ ਕਰਦਾ ਹੈ?**

ਉੱਤਰ: ਰਸ਼ੀਦ ਨੇ ਆਪਣੇ ਪਿੰਡ ਜਾ ਕੇ ਆਪਣੇ ਘਰ ਦੇ ਆਸ-ਪਾਸ ਬਹੁਤ ਸਾਰੇ ਗੁਲਾਬ ਦੇ ਪੌਦੇ ਲਗਵਾ ਲਏ।ਬਹੁਤ ਸਾਰੇ ਕਬੂਤਰ, ਬਿੱਲੀਆਂ ਅਤੇ ਤੋਤੇ ਪਾਲ਼ ਲਏ।ਉਹ ਆਪਣਾ ਬਹੁਤਾ ਸਮਾਂ ਉਨ੍ਹਾਂ ਦੀ ਦੇਖ-ਰੇਖ ਵਿੱਚ ਲੰਘਾ ਦਿੰਦਾ।ਜਦੋਂ ਦਰਦ ਵਧਦਾ ਮਹਿਸੂਸ ਹੁੰਦਾ ਤਾਂ ਉਹ ਕਿਆਰੀਆਂ ਵਿੱਚ ਫੁੱਲਾਂ ਦੀਆਂ ਹੋਰ ਦੋ-ਚਾਰ ਕਲਮਾਂ ਲਗਾ ਦਿੰਦਾ।ਇਸ ਤਰ੍ਹਾਂ ਉਹ ਆਪਣਾ ਜੀਵਨ ਆਪਣੀ ਇਕੱਲਤਾ ਵਿੱਚ ਅਤੇ ਖੁਸ਼ੀ ਨਾਲ ਬਤੀਤ ਕਰਨ ਲੱਗ ਪਿਆ।

**ਪ੍ਰਸ਼ਨ 4. "ਲੈ ਬਈ ਇੱਕ ਹੋਰ ਦਿਨ ਨੂੰ ਝੁਠਾਲ਼ੀ ਦੇ ਦਿੱਤੀ।ਐਸਾ ਉੱਲੂ ਬਣਾਇਆ ਕਿ ਚੁੱਪ-ਚਾਪ ਲਹਿ ਕੇ ਤੁਰ ਗਿਆ।" ਰਸ਼ੀਦ ਦੀ ਇਸ ਮਨਬਚਨੀ ਤੋਂ ਕੀ ਭਾਵ ਹੈ?**

ਉੱਤਰ: ਕੈਂਸਰ ਦੀ ਬਿਮਾਰੀ ਕਾਰਨ ਰਸ਼ੀਦ ਆਪਣੀ ਇਸ ਜ਼ਿੰਦਗੀ ਦੇ ਬਾਕੀ ਬਚਦੇ ਦਿਨ ਕਿਸੇ ਚਿੰਤਾ ਵਿੱਚ ਬਿਤਾਉਣ ਦੀ ਥਾਂ ਹੱਸ-ਖੇਡ ਕੇ ਗੁਜ਼ਾਰ ਰਿਹਾ ਸੀ।ਉਹ ਇੱਕ ਦਿਨ ਪੌਦੇ ਲਾਉਣ, ਕਬੂਤਰਾਂ ਨਾਲ ਖੇਡਣ, ਬਲੂੰਗੜਿਆਂ ਦੇ ਨਾਲ ਅਤੇ ਇੱਕ ਦਿਨ ਪੰਛੀਆਂ ਦਾ ਆਨੰਦ ਲੈਣ ਵਿੱਚ ਬਿਤਾਉਂਦਾ ਹੈ।ਉਸ ਨੂੰ ਇਹ ਆਸ ਸੀ ਕਿ ਉਸ ਦੀ ਜ਼ਿੰਦਗੀ ਦੇ ਬਚਦੇ ਦਿਨ ਵੀ ਇਸੇ ਤਰ੍ਹਾਂ ਖ਼ੁਸ਼ੀ ਵਿੱਚ ਬੀਤ ਜਾਣਗੇ।

**ਪ੍ਰਸ਼ਨ 5. ਰਸ਼ੀਦ ਆਪਣੀ ਬਿਮਾਰੀ ਤੋਂ ਰਾਹਤ ਲੈਣ ਲਈ ਕੀ ਸ਼ੌਕ ਪਾਲ਼ਦਾ ਹੈ?**

ਉੱਤਰ: ਰਸ਼ੀਦ ਨੇ ਆਪਣੀ ਬਿਮਾਰੀ ਤੋਂ ਰਾਹਤ ਪਾਉਣ ਲਈ ਕੁੱਝ ਸ਼ੌਕ ਪਾਲਦਾ ਹੈ।ਉਹ ਕਿਆਰੀਆਂ ਵਿੱਚ ਫੁੱਲਾਂ ਦੇ ਪੌਦੇ ਲਾਉਂਦਾ ਹੈ।ਬਿੱਲੀ ਦੇ ਬਲੂੰਗੜਿਆਂ ਦਾ ਪਾਲਣ-ਪੋਸ਼ਣ ਕਰਦਾ ਹੈ।ਉਸ ਨੇ ਕੁੱਝ ਕਬੂਤਰ ਪਾਲ ਲਏ ਉਹ ਓਨ੍ਹਾਂ ਨੂੰ ਦਾਣਾ ਖਿਲਾਉਂਦਾ ਅਤੇ ਉਨ੍ਹਾਂ ਨਾਲ ਗੱਲਾਂ ਕਰਦਾ ਸੀ।ਉਹ ਆਂਢ-ਗੁਆਂਢ ਦੇ ਬੱਚਿਆਂ ਨੂੰ ਸੱਦ ਕੇ ਉਨ੍ਹਾਂ ਨੂੰ ਸਕੂਲ ਦਾ ਕੰਮ ਕਰਵਾ ਦਿੰਦਾ।ਅਖੀਰ ਵਿੱਚ ਉਹ ਤੋਤੇ ਖ਼ਰੀਦ ਲਿਆਉਂਦਾ ਹੈ।

**ਪ੍ਰਸ਼ਨ 6. ਰਸ਼ੀਦ ਬਚਪਨ ਦੀਆਂ ਸਵੇਰਾਂ ਨੂੰ ਯਾਦ ਕਰਕੇ ਕੀ ਵਰਣਨ ਕਰਦਾ ਹੈ?**

ਉੱਤਰ: ਰਸ਼ੀਦ ਬਚਪਨ ਵਿੱਚ ਹਰ ਸਵੇਰ ਜੰਗਲ-ਪਾਣੀ ਜਾਣ ਤੋਂ ਬਾਦ ਕਿੱਕਰ ਦੀਆਂ ਦਾਤਣਾਂ ਤੋੜ ਕੇ ਘਰ ਲਿਆਉਂਦਾ ਅਤੇ ਇੱਕ ਦਾਤਣ ਨੂੰ ਮਜ਼ੇ ਨਾਲ ਚਿੱਥਦਾ ਆਉਂਦਾ ਸੀ।ਫਿਰ ਘਰ ਪਹੁੰਚ ਕੇ ਸਭ ਨੂੰ ਇੱਕ-ਇੱਕ ਦਾਤਣ ਦੇਣਾ ਉਸ ਦੀ ਡਿਊਟੀ ਹੁੰਦੀ ਸੀ।ਇਸ ਗੱਲ ਨੂੰ ਯਾਦ ਕਰ ਕੇ ਰਸ਼ੀਦ ਦਾ ਮਨ ਕੂਲਾ ਹੋ ਜਾਂਦਾ ਹੈ।

**ਪ੍ਰਸ਼ਨ 7. ਰਸ਼ੀਦ ਗੁਆਂਢੀ ਮੁੰਡੇ ਨਾ਼ਲ ਪਤੰਗ ਉਡਾਉਣ ਦੀ ਰੀਝ ਕਿਵੇਂ ਪੂਰੀ ਕਰਦਾ ਹੈ?**

ਉੱਤਰ: ਰਸ਼ੀਦ ਨੇ ਗੁਆਂਢੀਆਂ ਦੇ ਮੁੰਡੇ ਨੂੰ ਦਸ ਰੁਪਏ ਦੇ ਕੇ ਪਤੰਗ ਮੰਗਵਾਈ।ਫਿਰ ਦੋਹਾਂ ਨੇ ਰਲ ਕੇ ਪਤੰਗ ਤਿਆਰ ਕਰ ਲਈ।ਫਿਰ ਉਸ ਨੇ ਮੁੰਡੇ ਨੂੰ ਡੋਰ ਫੜਾ ਕੇ ਆਪ ਪਤੰਗ ਦੋਹਾਂ ਹੱਥਾਂ ਨਾਲ ਫੜ ਕੇ ਹਵਾ ਵਿੱਚ ਹੁਲਾਰ ਕੇ ਛੱਡ ਦਿੱਤੀ।ਇਸ ਹੁਲਾਰੇ ਨਾਲ ਹੀ ਉਹ ਬੇਹੋਸ਼ ਹੋ ਕੇ ਡਿੱਗ ਪਿਆ ਅਤੇ ਉਸ ਦੀ ਮੌਤ ਹੋ ਗਈ।

**ਪ੍ਰਸ਼ਨ 8. 'ਇੱਕ ਪੈਰ ਘੱਟ ਤੁਰਨਾ' ਕਹਾਣੀ ਦਾ ਸਾਰ ਲਿਖੋ।**

ਉੱਤਰ: ਦਿੱਲੀ ਦੇ ਇੱਕ ਦਫ਼ਤਰ ਵਿੱਚ ਕੰਮ ਕਰਦੇ ਰਸ਼ੀਦ ਨੂੰ ਡਾਕਟਰ ਦੱਸਦੇ ਹਨ ਕਿ ਕਿ ਮਿਹਦੇ ਦਾ ਕੈਂਸਰ ਹੋਣ ਕਾਰਨ ਉਹ ਕੁੱਝ ਮਹੀਨਿਆਂ ਦਾ ਮਹਿਮਾਨ ਹੈ।ਉਹ ਇਲਾਜ ਕਰਵਾਉਣ ਦੀ ਥਾਂ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਕੇ ਜ਼ਿੰਦਗੀ ਦੇ ਬਚੇ ਦਿਨ ਆਪਣੇ ਪਿੰਡ ਵਿੱਚ ਗੁਜ਼ਾਰਨ ਚਲਾ ਜਾਂਦਾ ਹੈ।ਉਹ ਸ਼ਹਿਰ ਦੀ ਘੁਟਨ ਵਾਲੇ ਮਾਹੌਲ ਵਿੱਚੋਂ ਆਪਣੇ ਪਿੰਡ ਦੇ ਖੁੱਲ੍ਹੇ-ਡੁੱਲ੍ਹੇ ਮਾਹੌਲ ਵਿੱਚ ਆ ਕੇ ਬਹੁਤ ਖ਼ੁਸ਼ੀ ਮਹਿਸੂਸ ਕਰਦਾ ਹੈ।ਉਹ ਆਪਣੀ ਬਿਮਾਰੀ ਤੋਂ ਰਾਹਤ ਪਾਉਣ ਅਤੇ ਆਪਣੇ ਦਿਨ ਖ਼ੁਸ਼ੀ ਵਿੱਚ ਬਿਤਾਉਣ ਲਈ ਆਪਣੇ ਘਰ ਦੇ ਨੇੜੇ ਗੁਲਾਬ ਦੇ ਪੌਦੇ ਲਾ ਲੈਂਦਾ ਹੈ।ਰੰਗ-ਬਿਰੰਗੇ ਤੋਤੇ ਪਾਲ ਲੈਂਦਾ ਹੈ।ਬਿੱਲੀ ਦੇ ਬਲੂੰਗੜਿਆਂ ਦਾ ਪਾਲਣ-ਪੋਸ਼ਣ ਕਰਦਾ ਹੈ।ਕਬੂਤਰਾਂ ਨੂੰ ਦਾਣਾ ਪਾਉਂਦਾ ਅਤੇ ਉਨ੍ਹਾਂ ਨਾਲ ਗੱਲਾਂ ਕਰਦਾ ਆਪਣੇ ਦਿਨ ਬਤੀਤ ਕਰਦਾ ਹੈ।ਉਹ ਸੋਚਦਾ ਹੈ ਪਰਮਾਤਮਾ ਨੇ ਉਸ ਨੂੰ ਕਿੰਨੀਆਂ ਨਿਆਮਤਾਂ ਦਿੱਤੀਆਂ ਹਨ।ਇੱਕ ਦਿਨ ਉਹ ਆਪਣੇ ਗੁਆਂਢੀਆਂ ਦੇ ਮੁੰਡੇ ਨੂੰ ਦਸ ਰੁਪਏ ਦੇ ਕੇ ਪਤੰਗ ਮੰਗਵਾਉਂਦਾ ਹੈ ਉਹ ਦੋਵੇਂ ਮਿਲ ਕੇ ਪਤੰਗ ਉਡਾਉਂਦੇ ਹਨ।ਜਦੋਂ ਰਸ਼ੀਦ ਪਤੰਗ ਨੂੰ ਹੁਲਾਰਾ ਦਿੰਦਾ ਹੈ ਤਾਂ ਅਚਾਨਕ ਉਸ ਦੇ ਭਿਆਨਕ ਦਰਦ ਉੱਠਦਾ ਹੈ ਉਸ ਨੂੰ ਖੂਨ ਦੀ ਉਲਟੀ ਆਉਂਦੀ ਹੈ ਅਤੇ ਡਿੱਗਦਿਆਂ ਸਾਰ ਉਸ ਦੀ ਮੌਤ ਹੋ ਜਾਂਦੀ ਹੈ।

## ਵਸਤੂਨਿਸ਼ਠ ਪ੍ਰਸ਼ਨ-ਉੱਤਰ:

1. 'ਇੱਕ ਪੈਰ ਘੱਟ ਤੁਰਨਾ' ਕਹਾਣੀ ਦਾ ਲੇਖਕ ਕੌਣ ਹੈ?
   ਅਜੀਤ ਕੌਰ
2. ਰਸ਼ੀਦ ਦੀ ਪਤਨੀ ਦਾ ਕੀ ਨਾਂ ਸੀ?
   ਫ਼ਰੀਦਾ
3. ਰਸ਼ੀਦ ਦੇ ਪੁੱਤਰ ਦਾ ਕੀ ਨਾਂ ਸੀ?
   ਅਸਲਮ
4. 'ਇੱਕ ਪੈਰ ਘੱਟ ਤੁਰਨਾ' ਕਹਾਣੀ ਦਾ ਮੁੱਖ ਪਾਤਰ ਕੌਣ ਹੈ?
   ਰਸ਼ੀਦ
5. ਰਸ਼ੀਦ ਕਿੱਥੇ ਨੌਕਰੀ ਕਰਦਾ ਸੀ?
   ਦਿੱਲੀ ਵਿੱਚ
6. ਰਸ਼ੀਦ ਦਿੱਲੀ ਵਿੱਚ ਕਿੱਥੇ ਰਹਿੰਦਾ ਸੀ?
   ਦਰੀਆਗੰਜ ਵਿੱਚ
7. ਅੰਦਰੂਨੀ ਟੈਸਟ ਤੋਂ ਰਸ਼ੀਦ ਨੂੰ ਕਿਹੜੀ ਬਿਮਾਰੀ ਦਾ ਪਤਾ ਲੱਗਦਾ ਹੈ?
   ਮਿਹਦੇ ਦਾ ਕੈਂਸਰ
8. ਰਸ਼ੀਦ ਦੀ ਪਤਨੀ ਨੂੰ ਮਰਿਆਂ ਕਿੰਨੇ ਸਾਲ ਹੋ ਚੁੱਕੇ ਸਨ?
   ਛੇ ਸਾਲ
9. ਰਸ਼ੀਦ ਦੇ ਕਿੰਨੇ ਬੱਚੇ ਸਨ?
   ਤਿੰਨ
10. ਅਸਲਮ ਕਿੱਥੇ ਰਹਿੰਦਾ ਸੀ?
    ਅਮਰੀਕਾ ਵਿੱਚ
11. ਦਫ਼ਤਰ ਵਿੱਚ ਰਸ਼ੀਦ ਦੇ ਨਾਲ ਵਾਲੀ ਮੇਜ ਉੱਤੇ ਕੌਣ ਬੈਠਦਾ ਸੀ?
    ਰਮੇਸ਼
12. ਰਸ਼ੀਦ ਨੌਕਰੀ ਛੱਡ ਕੇ ਕਿੱਥੇ ਆ ਗਿਆ?
    ਪਿੰਡ
13. ਗੁਆਂਢੀਆਂ ਦੇ ਮੁੰਡੇ ਦਾ ਕੀ ਨਾਂ ਸੀ?
    ਸ਼ਾਮ
14. ਜਦੋਂ ਰਸ਼ੀਦ ਦੀ ਮੌਤ ਹੋਈ ਤਾਂ ਉਹ ਕੀ ਕਰ ਰਿਹਾ ਸੀ?
    ਪਤੰਗ ਉਡਾ ਰਿਹਾ ਸੀ।

ਤਿਆਰ ਕਰਤਾ
ਕਮਲਜੀਤ ਸਿੰਘ ਪੰਜਾਬੀ ਮਾਸਟਰ
ਸਹਸ ਰੱਤਾਖੇੜਾ (ਪਟਿਆਲਾ)